SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 24* Issue 124** | **Wednesday, 6 August 2025** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' ***Online*** ਰੋਜ਼ਾਨਾ ਪੜ੍ਹ ਸਕਦੇ ਹੋ

## ਵਿਦੇਸ਼ ਮੰਤਰੀ ਅਨੀਤਾ ਆਨੰਦ ਦੇ ਵਿੱਤ ਮੰਤਰੀ ਮੈਕਸੀਕੋ ਪਹੁੰਚੇ



ਓਟਵਾ, 5 ਅਗਸਤ (ਪੋਸਟ ਬਿਊਰੋ): ਵਿਦੇਸ਼ ਮੰਤਰੀ ਅਨੀਤਾ ਆਨੰਦ ਅਤੇ ਵਿੱਤ ਮੰਤਰੀ ਫ੍ਰੈਂਸੁਆ-ਫਿਲਿਪ ਸ਼ੈਂਪੇਨ ਆਰਥਿਕ ਵਿਕਾਸ, ਵਪਾਰ ਅਤੇ ਸੁਰੱਖਿਆ ਬਾਰੇ ਗੱਲਬਾਤ ਕਰਨ ਲਈ ਮੈਕਸੀਕੋ ਵਿੱਚ ਹਨ ਜਿੱਥੇ ਉਹ ਰਾਸ਼ਟਰਪਤੀ ਕਲੌਡੀਆ ਸ਼ੀਨਬੌਮ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਦੀ ਯਾਤਰਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸ਼ੀਨਬੌਮ ਨਾਲ ਮੁਲਾਕਾਤ ਲਈ ਮੈਕਸੀਕੋ ਦੀ ਯੋਜਨਾਬੱਧ ਯਾਤਰਾ ਤੋਂ ਪਹਿਲਾਂ ਹੋ ਰਹੀ ਹੈ।

ਅਮਰੀਕਾ ਨੇ ਸ਼ੁੱਕਰਵਾਰ ਨੂੰ ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤੇ ਦੇ ਅਧੀਨ ਨਾ ਆਉਣ ਵਾਲੀਆਂ ਕੈਨੇਡੀਅਨ ਚੀਜ਼ਾਂ 'ਤੇ 35 ਪ੍ਰਤੀਸ਼ਤ ਟੈਰਿਫ ਲਗਾ ਦਿੱਤਾ ਹੈ, ਜਦ ਕਿ ਮੈਕਸੀਕੋ ਨੂੰ ਟੈਰਿਫ਼ਾਂ ਤੋਂ 90 ਦਿਨਾਂ ਦੀ ਛੋਟ ਮਿਲੀ ਹੈ। ਜ਼ਿਕਰਯੋਗ ਹੈ ਕਿ CUSMA ਦੀ ਅਗਲੇ ਸਾਲ ਇੱਕ ਸਮੀਖਿਆ ਕੀਤੀ ਜਾਣੀ ਹੈ।

ਓਂਟਾਰੀਓ ਪ੍ਰੀਮੀਅਰ ਡੱਗ ਫੋਰਡ ਨੇ ਪਿਛਲੇ ਸਾਲ ਕੈਨੇਡਾ ਅਤੇ ਅਮਰੀਕਾ ਵਿਚਕਾਰ ਇੱਕ ਦੁਵੱਲੇ ਵਪਾਰ ਸਮਝੌਤੇ ਦੀ ਮੰਗ ਕੀਤੀ ਸੀ ਅਤੇ ਉਨ੍ਹਾਂ ਕਿਹਾ ਸੀ ਕਿ ਮੈਕਸੀਕੋ ਉੱਤਰੀ ਅਮਰੀਕੀ ਬਾਜ਼ਾਰ ਵਿੱਚ ਚੀਨ ਵਿਚ ਬਣੇ ਆਟੋ ਪਾਰਟਸ ਅਤੇ ਵਾਹਨਾਂ ਦੇ ਦਾਖਲੇ ਲਈ ਪਿਛਲੇ ਦਰਵਾਜ਼ੇ ਵਜੋਂ ਕੰਮ ਕਰ ਰਿਹਾ ਹੈ।

ਆਨੰਦ ਅਤੇ ਸ਼ੈਂਪੇਨ ਦੋ ਦਿਨਾਂ ਦੀ ਯਾਤਰਾ ਦੌਰਾਨ ਕੈਨੇਡੀਅਨ ਅਤੇ ਮੈਕਸੀਕਨ ਕਾਰੋਬਾਰੀਆਂ ਨਾਲ ਵੀ ਮੁਲਾਕਾਤ ਕਰਨਗੇ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

## ਪੂਰਬੀ ਟੋਰਾਂਟੋ ਵਿੱਚ ਘਰ ਦੇ ਮਾਲਕ 'ਤੇ ਹਮਲਾ ਕਰਨ ਵਾਲੇ ਦੀ ਭਾਲ ਕਰ ਰਹੀ ਪੁਲਿਸ



ਟੋਰਾਂਟੋ, 5 ਅਗਸਤ (ਪੋਸਟ ਬਿਊਰੋ): ਪੁਲਿਸ ਨੇ ਟੋਰਾਂਟੋ ਦੇ ਪੂਰਬੀ ਏਂਡ 'ਤੇ ਇੱਕ ਘਰ ਵਿੱਚ ਚੋਰੀ ਦੌਰਾਨ ਕਥਿਤ ਤੌਰ 'ਤੇ ਘਰ ਦੇ ਮਾਲਕ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਇੱਕ ਸ਼ੱਕੀ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਘਟਨਾ ਸ਼ਨੀਵਾਰ ਨੂੰ ਮੇਨ ਸਟਰੀਟ ਅਤੇ ਡੈਨਫੋਰਥ ਐਵੇਨਿਊ ਦੇ ਨੇੜੇ ਵਾਪਰੀ। ਟੋਰਾਂਟੋ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਾਮ ਕਰੀਬ 6 ਵਜੇ ਦੇ ਕਰੀਬ ਉਸ ਖੇਤਰ ਵਿੱਚ ਭੰਨ-ਤੋੜ ਦੀ ਘਟਨਾ ਲਈ ਕਾਲ ਆਈ ਸੀ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਇੱਕ ਘਰ ਵਿਚ ਵਿਅਕਤੀ ਦਾਖਲ ਹੋਇਆ, ਜਿਸ ਨੇ ਮਾਲਕ 'ਤੇ ਹਮਲਾ ਕਰ ਦਿੱਤਾ ਤੇ ਫ਼ਰਾਰ ਹੋ ਗਿਆ।

ਪੁਲਿਸ ਨੇ ਕਿਹਾ ਕਿ ਉਸਨੂੰ ਆਖਰੀ ਵਾਰ ਮੇਨ ਸਟਰੀਟ ਸਟੇਸ਼ਨ 'ਤੇ ਪੱਛਮ ਵੱਲ ਜਾਣ ਵਾਲੀ ਰੇਲਗੱਡੀ ਵਿੱਚ ਚੜ੍ਹਦੇ ਦੇਖਿਆ ਗਿਆ ਸੀ। ਪੁਲਸ ਅਨੁਸਾਰ ਸ਼ੱਕੀ ਦੀ ਉਮਰ 25 ਤੋਂ 35 ਸਾਲ ਦੇ ਵਿਚਕਾਰ ਹੈ ਅਤੇ ਉਹ ਇਕ ਗੋਰਾ ਵਿਅਕਤੀ ਹੈ। ਉਹ ਛੇ ਫੁੱਟ ਲੰਬਾ, ਮਾਸਪੇਸ਼ੀਆਂ ਵਾਲਾ, ਛੋਟੇ ਕਾਲੇ ਵਾਲਾਂ ਵਾਲਾ ਹੈ।

ਉਸਨੂੰ ਆਖਰੀ ਵਾਰ ਕੈਮੋ ਬੇਸਬਾਲ ਟੋਪੀ, ਸਲੇਟੀ ਰੰਗ ਦੀ ਟੀ-ਸ਼ਰਟ, ਕਮਰ ਦੁਆਲੇ ਬੰਨ੍ਹੀ ਹੋਈ ਨੀਲੀ ਅਤੇ ਚਿੱਟੀ ਧਾਰੀਦਾਰ ਲੰਬੀਆਂ ਬਾਹਾਂ ਵਾਲੀ ਕਮੀਜ਼, ਕਾਲੀ ਪੈਂਟ ਅਤੇ ਕਾਲੇ ਬੈਕਪੈਕ ਦੇ ਨਾਲ ਕਾਲੇ ਅਤੇ ਚਿੱਟੇ ਦੌੜਨ ਵਾਲੇ ਜੁੱਤੇ ਅਤੇ ਇੱਕ ਕਾਲਾ ਸਾਈਡ ਬੈਗ ਪਹਿਨੇ ਦੇਖਿਆ ਗਿਆ ਸੀ। ਸ਼ੱਕੀ ਹਥਿਆਰ ਨਾਲ ਹਮਲਾ ਕਰਨ, ਗੈਰ-ਕਾਨੂੰਨੀ ਤੌਰ 'ਤੇ ਘਰ ਵਿੱਚ ਦਾਖ਼ਲ ਹੋਣ ਅਤੇ ਖਤਰਨਾਕ ਹਥਿਆਰ ਰੱਖਣ ਲਈ ਲੋੜੀਂਦਾ ਹੈ। ਜਾਂਚ ਜਾਰੀ ਹੈ ਅਤੇ ਹੋਰ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ ਟੋਰਾਂਟੋ ਪੁਲਿਸ ਨਾਲ 416-808-5500 'ਤੇ ਸੰਪਰਕ ਕਰਨ ਜਾਂ ਗੁਪਤ ਰੂਪ ਵਿੱਚ ਕ੍ਰਾਈਮ ਸਟੌਪਰਜ਼ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

## ਪ੍ਰਧਾਨ ਮੰਤਰੀ ਕਾਰਨੀ ਵੱਲੋਂ ਲੱਕੜ ਉਦਯੋਗ ਦੀ ਮਦਦ ਲਈ ਇੱਕ ਬਿਲੀਅਨ ਡਾਲਰ ਤੋਂ ਵੱਧ ਦੀ ਮਦਦ ਦਾ ਐਲਾਨ



ਓਟਵਾ, 5 ਅਗਸਤ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਕੈਨੇਡਾ ਦੇ ਲੱਕੜ ਉਦਯੋਗ ਨੂੰ ਵਿੱਤੀ ਮਦਦ ਦੇਣ ਦਾ ਐਲਾਨ ਕੀਤਾ ਹੈ, ਕਿਉਂਕਿ ਅਮਰੀਕਾ ਨੇ ਕੈਨੇਡੀਅਨ ਸੌਫ਼ਟਵੁੱਡ ਲੰਬਰ (ਲੱਕੜ) 'ਤੇ ਲੱਗਦੇ ਟੈਰਿਫ਼ ਹੋਰ ਵਧਾ ਦਿੱਤੇ ਹਨ।

ਉਨ੍ਹਾਂ ਨੇ ਕੈਨੇਡਾ ਵਿਚ ਘਰਾਂ ਦੀ ਉਸਾਰੀ ਲਈ ਕੈਨੇਡੀਅਨ ਲੱਕੜ ਦੀ ਵਰਤੋਂ ਕਰਨ ਦਾ ਵੀ ਜ਼ਿਕਰ ਕੀਤਾ। ਬੀਸੀ ਦੇ ਵੈਸਟ ਕਿਲੋਨਾ ਤੋਂ ਐਲਾਨ ਕਰਦਿਆਂ ਕਾਰਨੀ ਨੇ ਕਿਹਾ ਕਿ ਅਸੀਂ ਕੈਨੇਡੀਅਨ ਪ੍ਰੋਜੈਕਟਾਂ ਲਈ ਹੋਰ ਕੈਨੇਡੀਅਨ ਲੱਕੜ 'ਤੇ ਭਰੋਸਾ ਕਰਕੇ ਆਪਣੇ ਸਭ ਤੋਂ ਵਧੀਆ ਗਾਹਕ ਬਣਾਂਗੇ।

ਇਹ ਐਲਾਨ ਉਸ ਵਕਤ ਹੋਇਆ ਹੈ ਜਦੋਂ ਕੈਨੇਡਾ ਅਤੇ ਅਮਰੀਕਾ ਵਿਚਕਾਰ ਸੌਫ਼ਟਵੁੱਡ ਲੰਬਰ ਨੂੰ ਲੈ ਕੇ ਵਪਾਰਕ ਤਣਾਅ ਵਧ ਰਿਹਾ ਹੈ। ਹਾਲ ਹੀ ਵਿੱਚ ਅਮਰੀਕਾ ਦੇ ਵਪਾਰ ਵਿਭਾਗ ਨੇ ਕਿਹਾ ਹੈ ਕਿ ਉਹ ਕੈਨੇਡੀਅਨ ਸੌਫ਼ਟਵੁੱਡ ਲੰਬਰ 'ਤੇ ਲੱਗ ਰਹੇ ਐਂਟੀ-ਡੰਪਿੰਗ ਟੈਰਿਫ਼ਾਂ ਨੂੰ ਵਧਾ ਕੇ 20.56% ਕਰ ਰਿਹਾ ਹੈ।

ਬੀਸੀ ਦੇ ਜੰਗਲਾਤ ਮੰਤਰੀ ਰਵੀ ਪਰਮਾਰ ਨੇ ਟਰੰਪ ਪ੍ਰਸ਼ਾਸਨ ਦੇ ਇਸ ਫ਼ੈਸਲੇ ਨੂੰ ਸੂਬੇ ਦੇ ਜੰਗਲਾਤ ਉਦਯੋਗ ਲਈ ਬਹੁਤ ਨੁਕਸਾਨਦੇਹ ਆਖਿਆ ਸੀ।

ਕਾਰਨੀ ਨੇ ਇਸ ਟੈਰਿਫ਼ ਵਾਧੇ ਨੂੰ ਗ਼ੈਰ-ਵਾਜਬ ਆਖਦਿਆਂ ਲੱਕੜ ਉਦਯੋਗ ਦੀ ਅਮਰੀਕੀ ਬਾਜ਼ਾਰ 'ਤੇ ਨਿਰਭਰਤਾ ਘਟਾਉਣ ਦਾ ਵਾਅਦਾ ਕੀਤਾ। ਉਹਨਾਂ ਨੇ ਕਿਹਾ ਕਿ ਇਹ ਨਿਰਭਰਤਾ ਬਹੁਤ ਮਹਿੰਗੀ ਅਨਿਸ਼ਚਿਤਤਾ ਪੈਦਾ ਕਰਦੀ ਹੈ। ਕਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਫਾਇਤੀ ਘਰ ਬਣਾਉਣ ਦੇ ਆਪਣੇ ਵਾਅਦੇ ਦੇ ਹਿੱਸੇ ਵਜੋਂ ਕੈਨੇਡੀਅਨ ਲੱਕੜ ਅਤੇ ਕਾਮਿਆਂ ਦੀ ਵਰਤੋਂ ਕਰੇਗੀ। ਚੋਣ ਮੁਹਿੰਮ ਦੌਰਾਨ ਵਾਅਦਾ ਕੀਤਾ ਗਿਆ ਬਿਲਡ ਕੈਨੇਡਾ ਹੋਮਜ਼ ਪ੍ਰੋਗਰਾਮ ਇਸ ਫ਼ੌਲ ਵਿੱਚ ਸ਼ੁਰੂ ਕੀਤਾ ਜਾਵੇਗਾ ਅਤੇ ਨਿੱਜੀ ਖੇਤਰ ਦੇ ਬਿਲਡਰਾਂ ਨੂੰ 25 ਬਿਲੀਅਨ ਡਾਲਰ ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕਰੇਗਾ।

ਕਾਰਨੀ ਨੇ ਲੱਕੜ ਉਦਯੋਗ ਲਈ ਇਕ ਸਹਾਇਤਾ ਪੈਕੇਜ ਦਾ ਵਾਅਦਾ ਕੀਤਾ ਹੈ, ਜਿਸ ਵਿੱਚ $700 ਮਿਲੀਅਨ ਦੀ ਲੋਨ ਗਾਰੰਟੀ ਅਤੇ $500 ਮਿਲੀਅਨ ਦੀ ਲੰਬੇ ਸਮੇਂ ਲਈ ਮਦਦ ਸ਼ਾਮਲ ਹੈ, ਤਾਂ ਜੋ ਕੰਪਨੀਆਂ ਨਵੇਂ ਨਿਰਯਾਤ ਬਜ਼ਾਰ ਖੋਜ ਸਕਣ ਅਤੇ ਆਪਣੇ ਉਤਪਾਦਾਂ ਨੂੰ ਹੋਰ ਵਿਕਸਤ ਕਰ ਸਕਣ।

ਕਾਰਨੀ ਨੇ ਇਹ ਵੀ ਕਿਹਾ ਕਿ ਸਰਕਾਰ ਵਰਕਰਾਂ ਲਈ ਇੱਕ ਸਿਖਲਾਈ ਪ੍ਰੋਗਰਾਮ ਸ਼ੁਰੂ ਕਰੇਗੀ ਜਿਸ ਵਿੱਚ ਜੰਗਲਾਤ ਖੇਤਰ ਲਈ ਲਗਭਗ 50 ਮਿਲੀਅਨ ਡਾਲਰ ਸ਼ਾਮਿਲ ਹੋਣਗੇ।

ਨਵਾਂ ਘਾਹ ਲਵਾਉ | 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598



ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor : Jagdish Singh Grewal
Managing Director: Parminder Kaur Grewal
Contributing Editors: Gyan Singh
Sub Edtior: Angrez Singh
Marketing Executives: Sajandeep Singh
Creative Head: Komal Matharu

Punjabi Post is a daily newspaper (Digital Edition) published Monday to Friday. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind.
Thank you.

# ਕੈਲੇਡਨ ਸੀਨੀਅਰਜ਼ ਕਲੱਬ ਨੇ ਮਨਾਇਆ 'ਕੈਨੇਡਾ ਡੇਅ'







ਕੈਲਾਡਨ, (ਡਾ. ਝੰਡ) - 1 ਜੁਲਾਈ 1867 ਨੂੰ ਬਣੀ 'ਕੈਨੇਡੀਅਨ ਕਨਫ਼ੈੱਡਰੇਸ਼ਨ' ਵਜੋਂ ਕੈਨੇਡਾ ਦੇ ਗਠਨ ਦਾ ਰਾਸ਼ਟਰੀ ਦਿਨ 'ਕੈਨੇਡਾ ਡੇਅ' ਭਾਵੇਂ ਪਹਿਲੀ ਜੁਲਾਈ ਨੂੰ ਹੁੰਦਾ ਹੈ ਪਰ ਇਸ ਨੂੰ ਮਨਾਉਣ ਦੇ ਜਸ਼ਨ ਜੁਲਾਈ ਦਾ ਸਾਰਾ ਮਹੀਨਾ ਹੀ ਚੱਲਦੇ ਰਹਿੰਦੇ ਹਨ। ਵੱਖ-ਵੱਖ ਸੀਨੀਅਰਜ਼ ਕਲੱਬਾਂ ਅਤੇ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਇਹ ਦਿਨ ਆਪੋ ਆਪਣੇ ਢੰਗ ਨਾਲ ਇਸ ਮਹੀਨੇ ਦੌਰਾਨ ਕਿਸੇ ਵੀ ਦਿਨ ਮਨਾਇਆ ਜਾਂਦਾ ਹੈ।

ਏਸੇ ਸਿਲਸਿਲੇ ਵਿੱਚ ਇਹ ਸ਼ੁਭ-ਦਿਨ ਕੈਲੇਡਨ ਸੀਨੀਅਰਜ਼ ਕਲੱਬ ਵੱਲੋਂ ਇਹ 27 ਜੁਲਾਈ ਦਿਨ ਐਤਵਾਰ ਨੂੰ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਦੇ ਦੱਸਣ ਅਨੁਸਾਰ ਇਸ ਦਿਨ ਨੂੰ ਏਨਾ ਪਛੜ ਕੇ ਮਨਾਉਣ ਦਾ ਮੁੱਖ ਕਾਰਨ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਕੋਲੋਂ ਇਸ ਦੇ ਲਈ ਪਹਿਲਾਂ ਸਮੇਂ ਦਾ ਨਾ ਮਿਲਣਾ ਸੀ। ਫਿਰ ਵੀ ਉਸ ਦਿਨ ਕਿਸੇ ਅਤੀ ਜ਼ਰੂਰੀ ਕੰਮ ਪੈ ਜਾਣ ਕਰਕੇ ਉਹ ਉਨ੍ਹਾਂ ਦੇ ਇਸ ਜਸ਼ਨ ਵਿੱਚ ਸ਼ਾਮਲ ਨਾ ਹੋ ਸਕੇ ਅਤੇ ਡਿਪਟੀ ਮੇਅਰ ਹਰਕੀਰਤ ਸਿੰਘ ਨੇ ਉਨ੍ਹਾਂ ਦੀ ਅਤੇ ਆਪਣੀ ਦੋਹਾਂ ਦੀਹਾਜ਼ਰੀ ਉੱਥੇ ਕਾਫ਼ੀ ਸਮਾਂ ਗੁਜ਼ਾਰ ਕੇ ਵਧੀਆ ਸੰਬੋਧਨ ਕਰਦਿਆਂ ਹੋਇਆਂ ਲਗਵਾਈ। ਬੜੇ ਹੀ ਨਿਵੇਕਲੇ ਅੰਦਾਜ਼ ਵਿੱਚ ਉਨ੍ਹਾਂ ਨੇ 'ਕੈਨੇਡਾ ਡੇਅ' ਦੀ ਮੁਬਾਰਕਬਾਦ ਸਾਂਝੀ ਕੀਤੀ। ਉਨ੍ਹਾਂ ਦੇ ਨਾਲ ਕੈਲੇਡਨ ਦੇ ਰੀਜਨਲ ਕੌਂਸਲਰਕ੍ਰਿਸਟੀਨਾ ਅਰਲੀ ਵੀ ਉੱਥੇ ਮੌਜੂਦ ਸਨ ਅਤੇ ਉਨ੍ਹਾ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਦੇ ਗਾਇਨ ਨਾਲ ਕੀਤੀ ਗਈ। ਬਰੈਂਪਟਨ ਨੌਰਥ ਤੇ ਕੈਲੇਡਨ ਦੇ ਮੈਂਬਰ ਪਾਰਲੀਮੈਂਟ ਅਤੇ ਪਾਰਲੀਮੈਂਟਰੀ ਸੈਕਟਰੀ ਰੂਬੀ ਸਹੋਤਾ ਨੇ ਇਸ ਸਮਾਰੋਹ ਵਿੱਚ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਕੈਲੇਡਨ-ਵਾਸੀਆਂ ਨੂੰ ਇਸ ਸ਼ੁਭ-ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਨੇ ਇਸ ਸਮਾਗ਼ਮ ਵਿੱਚ ਬੱਚਿਆਂ ਅਤੇ ਬੀਬੀਆਂ ਦੀਆਂ ਖੇਡਾਂ ਵਿਚ ਭਾਗ ਲੈਣ ਵਾਲਿਆਂ ਵਿੱਚੋਂ ਜੇਤੂ ਰਹੇ ਖਿਡਾਰੀਆਂ ਨੂੰ ਇਨਾਮ ਵੀ ਵੰਡੇ। ਇਸ ਮੌਕੇ ਬੱਚਿਆਂ ਦੇ 6-8 ਸਾਲ, 8-10 ਸਾਲ ਤੇ 10-12 ਸਾਲ ਦੇ ਵੱਖ-ਵੱਖ ਉਮਰ ਵਰਗਾਂ ਦੀਆਂ 100 ਮੀਟਰ ਦੌੜਾਂ ਹੋਈਆਂ, ਜਦ ਕਿ ਬੀਬੀਆਂ ਦੀ 'ਮਿਊਜ਼ੀਕਲ ਚੇਅਰ ਰੇਸ' ਅਤੇ 'ਤਿੰਨ-ਲੱਤੀ ਦੌੜ' (ਥਰੀ-ਲੈੱਗਡ ਰੇਸ) ਕਰਵਾਈ ਗਈ। ਸਾਰੀਆਂ ਹੀ ਖੇਡਾਂ ਬੜੀਆਂ ਮਨੋਰੰਜਕ ਅਤੇ ਹੌਸਲਾ-ਵਧਾਊ ਸਨ।

ਇਸ ਦੌਰਾਨ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਵੱਲੋਂ ਆਪਣੇ ਸੰਬੋਧਨ ਵਿੱਚ ਸਮਾਗ਼ਮ ਵਿੱਚ ਪਹੁੰਚੇ ਲੀਡਰਾਂ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਕੈਲੇਡਨ ਈਸਟ ਦੇ ਆਪਣੇ ਪਾਰਕ ਬਾਰੇ ਕੁਝ ਮੰਗਾਂ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਨੂੰ ਸਬੰਧਿਤ ਧਿਰਾਂ ਵੱਲੋਂ ਮੰਨੇ ਜਾਣ ਦਾ ਵਾਅਦਾ ਕੀਤਾ ਗਿਆ। 'ਕੈਨੇਡਾ ਡੇਅ' ਮਨਾਉਣ ਦੇ ਇਸ ਜਸ਼ਨ ਦੌਰਾਨ ਚਾਹ-ਪਾਣੀ ਅਤੇ ਖਾਣ-ਪੀਣ ਦਾ ਲੰਗਰ ਸਾਰਾ ਦਿਨ ਚੱਲਦਾ ਰਿਹਾ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਆਪਣੀਆਂ ਜ਼ਿੰਮੇਂਵਾਰੀਆਂ ਬਾਖ਼ੂਬੀ ਨਿਭਾਈਆਂ ਗਈਆਂ। ਇਸ ਤਰ੍ਹਾਂ ਸਮੂਹ ਕੈਲੇਡਨ-ਵਾਸੀਆਂ ਵੱਲੋਂ ਮਿਲ ਕੇ ਇਹ ਦਿਨ ਬੜੇ ਚਾਅ ਤੇ ਉਤਸ਼ਾਹ ਨਾਮ ਮਨਾਇਆ ਗਿਆ।

## ਕਵਿਤਾ ਲੋਕਾਂ ਦਾ ਕੀ ਹੈ?

ਕੁਝ ਕਹਿਣਗੇ ਤੁਹਾਨੂੰ ਚੰਗਾ ਤੇ ਕੁਝ ਕਹਿਣਗੇ ਤੁਹਾਨੂੰ ਮਾੜਾ
ਨਾ ਹੋਵੋ ਨਿਰਾਸ਼ ਤੇ ਨਾ ਹੀ ਘਬਰਾਓ
ਚੰਗੇ ਮਾੜੇ ਹੋਣ ਦਾ ਨਹੀਂ ਹੈ ਪੈਮਾਨਾ ਕੋਈ
ਲਗੇਗਾ ਕਈਆਂ ਨੂੰ ਕੁਝ ਚੰਗਾ ਤੇ
ਕਈਆਂ ਨੂੰ ਲਗੇਗਾ ਚੰਗਾ ਕੁਝ ਹੋਰ
ਸਭ ਮੰਨਦੇ ਹਨ ਆਪਣੇ ਮੁਤਾਬਿਕ ਹੀ
ਕੁਝ ਤਾਂ ਕਿਸੇ ਦੇ ਕੀਤੇ ਦਾ ਨਹੀਂ ਭੁਲਾਉਂਦੇ ਉਮਰ ਸਾਰੀ
ਪਰ ਕੁਝ ਫੇਰ ਦਿੰਦੇ ਹਨ ਝਾੜੂ ਇਕ ਹੀ ਪਲ ਵਿਚ
ਤੁਹਾਡੇ ਕੀਤੇ ਕਰਾਏ 'ਤੇ
ਯਾਦ ਰੱਖੋ ਬਸ ਇਤਨਾ ਹੀ ਕਿ
ਤੁਸੀਂ ਕੀਤਾ ਨਹੀਂ ਗਲਤ ਜਾਂ ਮਾੜਾ ਜਾਣਬੁਝ ਕੇ
ਸਿਰਫਲਗਣਾ ਨਹੀਂ ਹੈ ਚੰਗਾ ,ਪਰ ਹੋਣਾ ਹੈ ਚੰਗਾ, ਰਹਿਣਾ ਹੈ ਚੰਗਾ
ਤੁਸੀਂ ਬਸ ਤੁਸੀਂ ਹੋ
ਤੁਸੀਂ ਨਿਵੇਕਲੇ ਹੋ
ਨਹੀਂ ਹੈ ਕੋਈ ਹੋਰ ਤੁਹਾਡੇ ਨਿਆਂਈ
ਲੋਕਾਂ ਦਾ ਕੀ ਹੈ?
ਲੋਕਾਂ ਨੇ ਤਾਂ ਕਹਿੰਦੇ ਹੀ ਰਹਿਣਾ ਹੈ,ਕੁਝ ਨਾ ਕੁਝ
ਬਸ ਰੱਖੋ ਯਾਦ ਕਿ ਜੇ ਕਰ ਨਹੀਂ ਸਕਦੇ ਚੰਗਾ ਕਿਸੇ ਦਾ
ਤਾਂ ਨਾ ਕਰੋ ਮਾੜਾ ਵੀ
ਲੋਕਾਂ ਦਾ ਕੀ ਹੈ?
ਲੋਕਾਂ ਨੇ ਤਾਂ ਕਹਿੰਦੇ ਹੀ ਰਹਿਣਾ ਹੈ ,ਕੁਝ ਨਾ ਕੁਝ!

ਅਮਰਜੀਤ ਕੌਰ
ਸਟੇਟ ਐਵਾਰਡੀ ਸੇਵਾ ਮੁਕਤ
ਮੁੱਖ ਅਧਿਆਪਕਾ

# ਮਸਕੋਕਾ ਓਂਟਾਰੀਓ 'ਚ ਘਰ ਨੂੰ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਦੋ ਹੋਰ ਲਾਸ਼ਾਂ ਬਰਾਮਦ

ਓਂਟਾਰੀਓ, 5 ਅਗਸਤ (ਪੋਸਟ ਬਿਊਰੋ): ਬ੍ਰੇਸਬ੍ਰਿਜ ਓਪੀਪੀ ਨੂੰ ਬ੍ਰੇਸਬ੍ਰਿਜ ਵਿੱਚ ਬੀਟਰਿਸ ਟਾਊਨ ਲਾਈਨ ਰੋਡ 'ਤੇ ਇੱਕ ਰਿਹਾਇਸ਼ ਦੇ ਅੰਦਰ ਦੋ ਹੋਰ ਲਾਸ਼ਾਂ ਮਿਲੀਆਂ ਹਨ। ਬੀਤੇ ਸ਼ੁੱਕਰਵਾਰ ਰਾਤ ਕਰੀਬ 8 ਵਜੇ ਪੁਲਿਸ ਨੂੰ ਬੀਟਰਿਸ ਟਾਊਨ ਲਾਈਨ ਰੋਡ 'ਤੇ ਗੋਲੀਬਾਰੀ ਦੀ ਰਿਪੋਰਟ ਮਿਲੀ ਅਤੇ ਪਹੁੰਚਣ 'ਤੇ ਇੱਕ ਲਾਸ਼ ਅਤੇ ਘਰ ਪੂਰੀ ਤਰ੍ਹਾਂ ਅੱਗ ਵਿੱਚ ਘਿਰਿਆ ਹੋਇਆ ਮਿਲਿਆ। ਜਵਾਬੀ ਕਾਰਵਾਈ



ਦੌਰਾਨ ਜਗ੍ਹਾ 'ਤੇ ਇੱਕ ਸ਼ੈਲਟਰ ਸ਼ੁਰੂ ਕੀਤਾ ਗਿਆ ਸੀ ਪਰ ਬਾਅਦ 'ਚ ਹਟਾ ਦਿੱਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਜਨਤਾ ਲਈ ਕੋਈ ਵਾਧੂ ਖ਼ਤਰਾ ਨਹੀਂ ਹੈ। ਪੁਲਿਸ ਅਨੁਸਾਰ ਅੱਗ ਨਾਲ ਤਬਾਹ ਹੋਏ ਘਰ ਵਿੱਚ ਦੋ ਹੋਰ ਲਾਸ਼ਾਂ ਮਿਲੀਆਂ ਹਨ ਅਤੇ ਪੋਸਟਮਾਰਟਮ ਜਾਂਚ ਹੋਣ ਤੱਕ ਉਨ੍ਹਾਂ ਦੀ ਪਛਾਣ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਪੁਲਿਸ ਬ੍ਰੇਸਬ੍ਰਿਜ ਦੇ 29 ਸਾਲਾ ਮਿਸ਼ੇਲ ਗ੍ਰੇ ਦੀ ਭਾਲ ਕਰ ਰਹੀ ਹੈ ਜੋ ਕਤਲ ਲਈ ਲੋੜੀਂਦਾ ਹੈ। ਪੁਲਸ ਨੇ ਉਸ ਦੀ ਪਛਾਣ ਇੱਕ ਗੋਰੇ ਵਿਅਕਤੀ ਵਜੋਂ ਦੱਸੀ ਹੈ। ਉਸ ਦਾ ਕੱਦ ਲਗਭਗ 5 ਫੁੱਟ 8 ਇੰਚ ਹੈ, ਉਸਦੇ ਸਿਰ ਦੇ ਅਤੇ ਚਿਹਰੇ ਦੇ ਵਾਲ ਹਲਕੇ ਭੂਰੇ ਹਨ। ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ ਓਪੀਪੀ ਜਾਂ ਕ੍ਰਾਈਮ ਸਟੌਪਰਸ ਨੂੰ ਕਾਲ ਕਰਨ ਲਈ ਅਪੀਲ ਕੀਤੀ ਗਈ ਹੈ।

# ਫੈਸ਼ਨ ਮੋਗਲ ਅਤੇ ਓਂਟਾਰੀਓ ਦੀ ਸਾਬਕਾ ਲੈਫਟੀਨੈਂਟ-ਗਵਰਨਰ ਹਿਲੇਰੀ ਵੈਸਟਨ ਦਾ 83 ਸਾਲ ਦੀ ਉਮਰ ਦਿਹਾਂਤ

ਓਂਟਾਰੀਓ, 5 ਅਗਸਤ (ਪੋਸਟ ਬਿਊਰੋ): ਬੀਤੇ ਦਿਨ ਹਿਲੇਰੀ ਵੈਸਟਨ, ਇੱਕ ਆਇਰਿਸ਼-ਕੈਨੇਡੀਅਨ ਫੈਸ਼ਨ ਮੋਗਲ ਅਤੇ ਓਂਟਾਰੀਓ ਦੀ ਸਾਬਕਾ ਲੈਫਟੀਨੈਂਟ-ਗਵਰਨਰ, ਜਿਸਨੇ ਔਰਤਾਂ, ਸਵੈ-ਸੇਵਾ ਅਤੇ ਨੌਜਵਾਨਾਂ ਨਾਲ ਜੁੜੇ ਮੁੱਦਿਆਂ ਲਈ ਸਮਾਂ ਸਮਰਪਿਤ ਕੀਤਾ, ਦਾ 83 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਐਤਵਾਰ ਨੂੰ ਇੱਕ ਬਿਆਨ ਵਿੱਚ ਪਰਿਵਾਰ ਵੱਲੋਂ ਗੈਲੇਨ ਵੈਸਟਨ ਜੂਨੀਅਰ, ਜੋ ਉਨ੍ਹਾਂ ਦੇ ਪੁੱਤਰ ਅਤੇ ਲੋਬਲਾ ਕੰਪਨੀਆਂ ਲਿਮਟਿਡ ਦੇ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਹਨ, ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਕਿਹਾ ਕਿ ਉਨ੍ਹਾਂ ਦੇ ਮਾਤਾ ਆਪਣੇ ਪਰਿਵਾਰ ਪ੍ਰਤੀ ਅਟੁੱਟ ਸ਼ਰਧਾ, ਭਾਈਚਾਰੇ ਅਤੇ ਸੇਵਾ ਦੀ ਸ਼ਕਤੀ ਅਤੇ ਮਹੱਤਵ ਵਿੱਚ ਵਿਸ਼ਵਾਸ ਨਾਲ ਜਿਉਂਦੇ



ਸਨ। ਉਨ੍ਹਾਂ ਕਿਹਾ ਕਿ ਮਾਤਾ ਦੀ ਸਭ ਤੋਂ ਵੱਡੀ ਖੁਸ਼ੀ ਉਹ ਜ਼ਿੰਦਗੀ ਸੀ, ਜੋ ਉਨ੍ਹਾਂ ਆਪਣੇ ਪਰਿਵਾਰ ਅਤੇ ਦੋਸਤਾਂ ਲਈ ਬਣਾਈ ਸੀ।

12 ਜਨਵਰੀ, 1942 ਨੂੰ ਆਇਰਲੈਂਡ ਵਿੱਚ ਜਨਮੇ, ਵੈਸਟਨ ਪੰਜ ਬੱਚਿਆਂ ਵਿੱਚੋਂ ਸਭ ਤੋਂ ਵੱਡੇ ਸਨ। ਉਨ੍ਹਾਂ ਆਪਣੇ ਸ਼ੁਰੂਆਤੀ ਸਾਲ ਇੱਕ ਫੈਸ਼ਨ ਮਾਡਲ ਵਜੋਂ ਆਪਣੀ ਵਿਧਵਾ ਮਾਂ ਅਤੇ ਛੋਟੇ ਭੈਣ-ਭਰਾਵਾਂ ਦਾ ਸਮਰਥਨ ਕਰਨ ਲਈ ਬਿਤਾਏ। ਉਨ੍ਹਾਂ 1966 ਵਿੱਚ ਡਬਲਿਊ. ਗੈਲਨ ਵੈਸਟਨ, ਜਿਸਨੂੰ ਗੈਲਨ ਵੈਸਟਨ ਸੀਨੀਅਰ ਵਜੋਂ ਜਾਣਿਆ ਜਾਂਦਾ ਹੈ, ਨਾਲ ਵਿਆਹ ਕੀਤਾ ਅਤੇ 1970 ਦੇ ਦਹਾਕੇ ਵਿੱਚ ਟੋਰਾਂਟੋ ਚਲੇ ਗਏ। 1986 ਤੋਂ ਸ਼ੁਰੂ ਕਰਦੇ ਹੋਏ, ਉਨ੍ਹਾਂ ਲਗਜ਼ਰੀ ਕੱਪੜਿਆਂ ਦੇ ਬ੍ਰਾਂਡ ਹੋਲਟ ਰੇਨਫਰੂ ਅਤੇ ਬ੍ਰਾਊਨ ਥਾਮਸ ਐਂਡ ਕੰਪਨੀ ਦੇ ਨਾਲ-ਨਾਲ ਡਿਪਾਰਟਮੈਂਟ ਸਟੋਰ ਕੰਪਨੀ ਸੈਲਫ੍ਰਿਜਸ ਗਰੁੱਪ ਨਾਲ ਕੰਮ ਕਰਦੇ ਹੋਏ 10 ਸਾਲ ਬਿਤਾਏ। ਉਨ੍ਹਾਂ ਦੇ ਚੈਰੀਟੇਬਲ ਕੰਮਾਂ ਵਿੱਚ ਵੈਸਟਨ ਫੈਮਿਲੀ ਫਾਊਂਡੇਸ਼ਨ ਅਤੇ ਹਿਲੇਰੀ ਅਤੇ ਗੈਲਨ ਵੈਸਟਨ ਫਾਊਂਡੇਸ਼ਨ ਸ਼ਾਮਲ ਹਨ। ਉਨ੍ਹਾਂ ਦੇ ਪਤੀ ਦੀ ਮੌਤ ਅਪ੍ਰੈਲ 2021 ਵਿੱਚ 80 ਸਾਲ ਦੀ ਉਮਰ ਵਿੱਚ ਹੋਈ। ਉਨ੍ਹਾਂ ਘਰਾਂ ਅਤੇ ਬਗੀਚਿਆਂ ਬਾਰੇ ਦੋ ਕਿਤਾਬਾਂ ਵੀ ਸਹਿ-ਲੇਖਕ ਵਜੋਂ ਲਿਖੀਆਂ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131

Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਵੱਲੋਂ ਡਾ.ਸੇਖੋਂ ਨੂੰ ਸ਼ਰਧਾਂਜਲੀ ਅਤੇ ਲੇਖਕਾਂ ਨਾਲ਼ ਗੱਲਬਾਤ

## ਮਿੰਨੀ ਗਰੇਵਾ.ਲ, ਸੁਖਵੰਤ ਹੁੰਦਲ ਅਤੇ ਜਗਤਾਰ ਸਿੰਘ ਸਨ ਮਹਿਮਾਨ



ਬਰੈਂਪਟਨ:- (ਕੁਲਵਿੰਦਰ ਖਹਿਰਾ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਜੁਲਾਈ ਮਹੀਨੇ ਦੀ ਬੈਠਕ ਵਿੱਚ ਜਿੱਥੇ ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਦਿੱਤੀ ਗਈ ਓਥੇ ਕਾਫ਼ਲੇ ਦੀ ਸੀਨੀਅਰ ਮੈਂਬਰ ਮਿੰਨੀ ਗਰੇਵਾ.ਲ, ਵੈਨਕੂਵਰ ਤੋਂ ਆਏ ਸੁਖਵੰਤ ਹੁੰਦਲ ਅਤੇ ਪੰਜਾਬ ਤੋਂ ਆਏ ਪਤੱਰਕਾਰ/ਲੇਖਕ ਜਗਤਾਰ ਸਿੰਘ ਨਾ.ਲ ਗੱਲਬਾਤ ਕੀਤੀ ਗਈ।

ਇੱਕ ਪੱਤਰਕਾਰ ਵਜੋਂ 80ਵਿਆਂ ਦੇ ਦਹਾਕੇ ਵਿੱਚ ਖਾਲਿਸਤਾਨੀ ਲਹਿਰ ਨੂੰ ਨੇੜਿਉਂ ਵਾਚਣ ਵਾ.ਲੇ ਜਗਤਾਰ ਸਿੰਘ ਨੇ ਸਿੱਖਾਂ ਅਤੇ ਪੰਜਾਬ ਨਾ.ਲ ਸਬੰਧਿਤ ਲਿਖੀਆਂ ਕਿਤਾਬਾਂ ਦੇ ਵਿਸ਼ਿਆਂ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ 'ਇੰਡੀਅਨ ਐਕਸਪ੍ਰੈੱਸ' ਨਾ.ਲ ਕੰਮ ਕਰਦਿਆਂ 1979 ਵਿੱਚ ਉਨ੍ਹਾਂ ਦੀ ਨਿਯੁਕਤੀ ਅੰਮ੍ਰਿਤਸਰ ਹੋਣ ਨਾ.ਲ ਉਨ੍ਹਾਂ ਨੂੰ ਖਾਲਿਸਤਾਨੀ ਸੰਘਰਸ਼ ਨੂੰ ਬਹੁਤ ਨੇੜਿਉਂ ਵੇਖਣ ਦਾ ਮੌਕਾ ਮਿ.ਲਿਆ, ਏਥੋਂ ਤੱਕ ਕਿ 25 ਮਈ 1984 ਨੂੰ ਉਨ੍ਹਾਂ ਨੇ ਭਿੰਡਰਾਂ ਵਾ.ਲਿਆਂ ਨਾ.ਲ ਇੱਕ ਲੰਮੀ ਇੰਟਰਵਿਊ ਵੀ ਕੀਤੀ। ਪੱਤਰਕਾਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਆਪਣੇ ਤਜਰਬਿਆਂ ਅਤੇ ਜਾਣਕਾਰੀ ਨੂੰ ਸੰਭਾਲਣ ਦੀ ਕੋਸ਼ਿਸ਼ ਵਿੱਚ ਉਹ ਹੁਣ ਤੱਕ ਚਾਰ ਕਿਤਾਬਾਂ ਲਿਖ ਚੁੱਕੇ ਹਨ ਜਿਨ੍ਹਾਂ ਵਿੱਚ 'Khalistan Struggle: A non-movement.', 'Rivers on Fire', 'Kalapani: Punjabis' Role in Freedom Struggle' ਅਤੇ 'Sikh Struggle Documents 1920 to 2022' ਸ਼ਾਮਿਲ ਹਨ।

ਇਨ੍ਹਾਂ ਕਿਤਾਬਾਂ ਵਿੱਚ ਉਨ੍ਹਾਂ ਨੇ ਖਾਲਿਸਤਾਨੀ ਲਹਿਰ ਦੇ ਪੱਖਾਂ ਨੂੰ ਵਿਚਾਰਨ ਤੋਂ ਇਲਾਵਾ ਜਿੱਥੇ ਕਾ.ਲੇ-ਪਾਣੀ ਟਾਪੂਆਂ ਬਾਰੇ ਚਰਚਾ ਕੀਤੀ ਹੈ ਓਥੇ ਆਪਣੀ ਆਖਰੀ ਕਿਤਾਬ ਵਿੱਚ ਕੋਈ ਸੌ ਸਾਲ ਦਾ ਅਕਾਲੀ ਅਤੇ ਸ਼੍ਰੋਮਣੀ ਕਮੇਟੀ ਦਾ ਇਤਿਹਾਸ ਵੀ ਇਕੱਠਾ ਕੀਤਾ ਹੈ। ਸ਼ਮੀਲ ਵੱਲੋਂ ਕੀਤੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਹ ਬੜੀ ਅਚੰਭੇ ਵਾ.ਲੀ ਗੱਲ ਹੈ ਕਿ ਕੀ ਕਾਰਨ ਹਨ ਕਿ ਬਹੁਤ ਥੋੜਾ ਸਮਾਂ ਚੱਲੀ ਨਕਸਲਬਾੜੀ ਲਹਿਰ ਨੇ ਤਾਂ ਪੰਜਾਬੀ ਵਿੱਚ ਕਮਾਲ ਦਾ ਸਾਹਿਤ ਅਤੇ ਆਰਟ ਪੈਦਾ ਕੀਤਾ ਜਿਸਦੀ ਉੱਚਤਾ ਅੱਜ ਵੀ ਕਾਇਮ ਹੈ ਪਰ ਦਹਾਕੇ ਤੋਂ ਵੱਧ ਚੱਲ ਕੇ ਹਜ਼ਾਰਾਂ ਨੌਜਵਾਨਾਂ ਦੀਆਂ ਜਾਨਾਂ ਗਵਾ ਕੇ ਵੀ ਖਾਲਿਸਤਾਨੀ ਲਹਿਰ ਕੋਈ ਜ਼ਿਕਰਯੋਗ ਸਾਹਿਤ ਕਿਉਂ ਪੈਦਾ ਨਹੀਂ ਕਰ ਸਕੀ? ਇਸ ਸੰਦਰਭ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਲੀ ਕੋਸ਼ਿਸ਼ 1978 ਤੋਂ 1995 ਦਰਮਿਆਨ ਪੰਜਾਬ ਵਿੱਚ ਜੋ ਕੁਝ ਵਾਪਰਿਆ ਉਸਨੂੰ ਸੂਤਰਬੱਧ ਤਰੀਕੇ ਨਾ.ਲ ਕਲਮਬੱਧ ਕਰਕੇ ਇਹ ਪੇਸ਼ ਕਰਨਾ ਹੈ ਕਿ ਉਸਦੀ ਸਚਾਈ ਕੀ ਸੀ।









ਟਿੱਪਣੀ ਕਰਦਿਆਂ ਜਸਵਿੰਦਰ ਸੰਧੂ ਨੇਕਿਹਾ ਕਿ ਲੇਖਕ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਪੰਜਾਬ ਦਾ ਦੁਖਾਂਤ ਇਹ ਹੈ ਕਿ ਗੋਰੀ ਸਰਕਾਰ ਤੋਂ ਭਾਰਤ ਨੂੰ ਆਜ਼ਾਦੀ ਨਹੀਂ ਮਿ.ਲੀ ਬਲਕਿ ਉਨ੍ਹਾਂ ਨੇ ਵੱਖ ਵੱਖ ਧਾਰਮਿਕ ਸੰਸਥਾਵਾਂ ਪੈਦਾ ਕਰਕੇ ਆਪਣੇ 'ਚਮਚਿਆਂ' ਨੂੰ ਰਾਜ-ਭਾਗ ਸੰਭਾ.ਲਿਆ। ਇਸਦੇ ਜਵਾਬ ਵਿੱਚ ਜਗਤਾਰ ਸਿੰਘ ਨੇ ਕਿਹਾ ਕਿ ਖੋਜ-ਕਾਰਜ ਦਾ ਕੰਮ ਇਹ ਲਿਖਣਾ ਨਹੀਂ ਹੁੰਦਾ ਕਿ ਕਿਸੇ 'ਚਮਚੇ' ਨੂੰ ਸੱਤਾ ਮਿ.ਲੀ ਜਾਂ ਨਹੀਂ, ਖੋਜ-ਕਾਰਜ ਦਾ ਕੰਮ ਤੱਥਾਂ ਨੂੰ ਪੇਸ਼ ਕਰਨਾ ਹੁੰਦਾ ਹੈ।

ਡਾ. ਬਲਜਿੰਦਰ ਸੇਖੋਂ ਨੂੰ ਸ਼ਰਧਾਂਜਲੀ ਦਿੰਦਿਆਂ ਤਰਕਸ਼ੀਲ ਸੋਸਾਇਟੀ(ਕੈਨੇਡਾ) ਦੇ ਪ੍ਰਧਾਨ ਬਲਦੇਵ ਰਹਿਪਾ ਨੇ ਕਿਹਾ ਕਿ ਜਿੱਥੇ ਬਲਜਿੰਦਰ ਸੇਖੋਂ ਨੇ ਆਪਣੇ ਪਰਿਵਾਰਕ ਫ਼ਰਜ਼ਾਂ ਨੂੰ ਤਨ-ਦੇਹੀ ਨਾ.ਲ ਨਿਭਾਇਆ ਓਥੇ ਓਨੀ ਹੀ ਸ਼ਿੱਦਤ ਨਾ.ਲ ਸਮਾਜਕ ਕਾਰਜਾਂ ਵਿੱਚ ਵੀ ਹਿੱਸਾ ਪਾਇਆ ਤੇ ਹਰ ਸਿਆਸੀ ਅਤੇ ਸਮਾਜੀ ਮਸਲੇ 'ਤੇ ਬੇਬਾਕੀ ਨਾ.ਲ ਵਿਚਾਰ ਪੇਸ਼ ਕਰਦੇ ਰਹੇ। ਜਸਵਿੰਦਰ ਸੰਧੂ ਨੇ ਡਾ. ਸੇਖੋਂ ਨਾ.ਲ ਆਪਣੇ ਵਿਦਿਆਰਥੀ ਜੀਵਨ ਦੀ ਸਾਂਝ ਨੂੰ ਭਾਵੁਕਤਾ ਵਿੱਚ ਸਾਂਝੀ ਕਰਦਿਆਂ ਦੱਸਿਆ ਕਿ ਡਾ. ਸੇਖੋਂ ਦੀ ਜ਼ਿੰਦਗੀ ਸਾਦਾ ਅਤੇ ਸਰਲ ( ) ਸੀ ਜਿਸ ਸਦਕਾ ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ ਉਸਨੂੰ ਇਹੋ ਹੀ ਮਹਿਸੂਸ ਹੁੰਦਾ ਕਿ ਡਾ. ਸੇਖੋਂ ਸਿਰਫ ਉਸੇ ਦੇ ਹੀ ਹਨ। ਉਨ੍ਹਾਂ ਦੱਸਿਆ ਕਿ ਡਾ. ਸੇਖੋਂ ਬਹੁ-ਪੱਖੀ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਸਮਾਜਵਾਦ ਬਾਰੇ ਵੀ, ਭਗਤ ਸਿੰਘ ਬਾਰੇ ਵੀ, ਗੁਰੂ ਨਾਨਕ ਦੇਵ ਬਾਰੇ ਵੀ ਅਤੇ ਗੁਰੂ ਗੋਬਿੰਦ ਸਿੰਘ ਬਾਰੇ ਵੀ ਗਿਆਨ ਸੀ। ਤਰਕਸ਼ੀਲਤਾ ਉਨ੍ਹਾਂ ਦੇ ਕਾਰਜ ਦਾ ਸਿਰਫ ਇੱਕ ਅੰਗ ਸੀ ਜਦਕਿ ਮੂ.ਲ ਕਾਰਜ ਸਾਇੰਸ ਨੂੰ ਲੋਕਾਂ ਤੱਕ ਲਿਜਾਣ ਦਾ ਸੀ ਜਿਸ ਦੀ ਪੂਰਤੀ ਲਈ ਉਹ ਆਮ ਲੋਕਾਂ ਦੀ ਭਾਸ਼ਾ ਵਿੱਚ ਲੋਕਾਂ ਨੂੰ ਸਾਇੰਸ ਸਮਝਾਉਣ ਦੀ ਸਮਰੱਥਾ ਰੱਖਦੇ ਸਨ। ਅਜਿਹੇ ਇਨਸਾਨ ਨੂੰ ਗਵਾ ਬੈਠਣਾ ਬਹੁਤ ਦੁਖਦਾਈ ਹੈ। ਕੁਲਵਿੰਦਰ ਖਹਿਰਾ ਨੇ ਕਿਹਾ ਕਿ ਏਨੇ ਗੁਣਾਂ ਦੇ ਧਾਰਨੀ ਹੁੰਦਿਆਂ ਹੋਇਆਂ ਵੀ ਡਾ. ਸੇਖੋਂ ਵਿੱਚ ਅੱਗੇ ਆਉਣ ਦੀ ਖਵਾਹਿਸ਼ ਬਿਲਕੁਲ ਨਹੀਂ ਸੀ; ਏਥੋਂ ਤੱਕ ਕਿ ਉਨ੍ਹਾਂ ਨੂੰ ਕਾਫ਼ਲੇ ਵਿੱਚ ਅੱਗੇ ਆਉਣ ਲਈ ਬੇਨਤੀ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਨੇ ਕਿਹਾ ਕਿ ਉਹ ਪਿੱਛੇ ਰਹਿ ਕੇ ਕੰਮ ਕਰਨਾ ਪਸੰਦ ਕਰਦੇ ਹਨ।

ਕਾਫ਼ਲੇ ਦੀ ਸੀਨੀਅਰ ਮੈਂਬਰ ਮਿੰਨੀ ਗਰੇਵਾ.ਲ ਜੀ ਬਾਰੇ ਜਾਣ-ਪਛਾਣ ਕਰਵਾਉਂਦਿਆਂ ਬਲਬੀਰ ਕੌਰ ਸੰਘੇੜਾ ਨੇ ਦੱਸਿਆ ਕਿ ਮਿੰਨੀ ਗਰੇਵਾ.ਲ ਜੀ 1995 ਤੋਂ ਕਾਫ਼ਲੇ ਨਾ.ਲ ਜੁੜਨ ਤੋਂ ਪਹਿਲਾਂ ਹੀ ਇੰਡੀਆ ਵਿੱਚ ਆਪਣਾ ਨਾਂ ਬਣਾ ਚੁੱਕੇ ਸਨ ਅਤੇ ਉਨ੍ਹਾਂ ਦੀ ਇੱਕ ਕਿਤਾਬ 'ਕੈਕਟਸ ਦੇ ਫੁੱਲ' ਛਪ ਚੁੱਕੀ ਸੀ, ਜੋ ਭਾਪਾ ਪ੍ਰੀਤਮ ਸਿੰਘ ਨੇ ਆਪਣੇ ਵੱਲੋਂ ਛਪਵਾ ਕੇ ਮਿੰਨੀ ਜੀ ਨੂੰ ਭੇਟ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਅਤੇ 'ਕਹਾਣੀ ਵਿਚਾਰ-ਮੰਚ' (ਜੋ ਕਾਫ਼ਲੇ ਦੇ ਅੰਗ ਵਜੋਂ ਹੀ ਹੋਂਦ ਵਿੱਚ ਆਇਆ ਸੀ) ਦੀ ਹੀ ਦੇਣ ਹੈ ਕਿ 'ਕੈਕਟਸ ਦੇ ਫੁੱਲ' ਕਿਤਾਬ ਤੋਂ ਬਾਅਦ ਪਰਿਵਾਰਕ ਜ਼ਿੰਮੇਵਾਰੀਆਂ ਪੈ ਜਾਣ ਕਰਕੇ ਜੋ ਕਲਮ ਹੱਥੋਂ ਛੁੱਟ ਗਈ ਸੀ, ਉਹ ਕਲਮ ਮਿੰਨੀ ਜੀ ਨੇ ਦੁਬਾਰਾ ਫੜੀ ਅਤੇ ਕਈ ਕਹਾਣੀ-ਸੰਗ੍ਰਹਿ ਅਤੇ ਇੱਕ ਕਵਿਤਾ ਦੀ ਕਿਤਾਬ ਛਪਵਾਈ। ਇਨ੍ਹਾਂ ਦੀ ਦੇਸ-ਵਿਦੇਸੀ ਸੈਰ-ਸਪਾਟੇ ਦੀ ਰੁਚੀ ਨੂੰ ਲੈ ਕੇ ਕੁਲਜੀਤ ਮਾਨ ਵੱਲੋਂ ਇੱਕ ਲੇਖ ਦਾ ਸਿਰਲੇਖ 'ਘੁਮੱਕੜ, ਮਣਕਿਆਂ ਵਾ.ਲੀ ਮਿੰਨੀ ਗਰੇਵਾ.ਲ' ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਇੱਕ ਅਮੀਰ ਬਾਪ (ਦਾਦਾ ਮਹਾਰਾਜਾ ਨਾਭਾ ਦੀ ਅਦਾਲਤ ਵਿੱਚ ਚੀਫ਼ ਜਸਟਿਸ ਸਨ) ਦੀ ਧੀ ਹੋਣ ਦੇ ਬਾਵਜੂਦ ਉਹ ਏਨੇ ਨਿਮਰ ਰਹੇ ਕਿ ਕੈਫੀ ਆਜ਼ਮੀ, ਗੁਲਜ਼ਾਰ, ਸ਼ਬਾਨਾ ਆਜ਼ਮੀ, ਅਚਲਾ ਸੱਚਦੇਵ, ਬੂਟਾ ਸਿੰਘ ਸ਼ਾਦ, ਐੱਸ. ਸਵਰਨ ਆਦਿ ਲੇਖਕਾਂ ਨਾ.ਲ ਨੇੜਤਾ ਹੋਣ ਦੇ ਬਾਵਜੂਦ ਕਦੀ ਇਸ ਗੱਲ ਦਾ ਪ੍ਰਚਾਰ ਨਹੀਂ ਸੀ ਕੀਤਾ।

ਮਿੰਨੀ ਗਰੇਵਾ.ਲ ਜੀ ਨੇ ਕਿਹਾ ਕਿ ਕੈਨੇਡਾ ਆ ਕੇ ਕਾਫ਼ਲੇ ਨਾ.ਲ ਜੁੜਨ ਤੋਂ ਬਾਅਦ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਤੁਸੀਂ ਆਪਣੀ ਜ਼ੁਬਾਨ ਵਿੱਚ ਪੜ੍ਹ-ਸੁਣ-ਲਿਖ ਸਕਦੇ ਹੋ ਜਦਕਿ ਉਸਤੋਂ ਪਹਿਲਾਂ ਅਜਿਹਾ ਮਾਹੌਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਲਿਖਣ ਦਾ ਸ਼ੌਕ ਤਾਂ ਸਕੂਲ ਸਮੇਂ ਤੋਂ ਹੀ ਸੀ ਜਿਸ ਨੂੰ ਵੇਖਦਿਆਂ ਅਧਿਆਪਕਾਂ ਅਤੇ ਪ੍ਰੋਫੈਸਰਾਂ ਨੇ ਲਿਖਣ ਲਈ ਪ੍ਰੇਰਿਆ। ਪਿਤਾ ਦੀ ਫੌਜੀ ਨੌਕਰੀ ਦੌਰਾਨ ਭਾਰਤ ਦਾ ਕੋਨਾ ਕੋਨਾ ਘੁੰਮਣ ਕਰਕੇ ਉਨ੍ਹਾਂ ਨੂੰ ਦੁਨੀਆਂ ਦੇਖਣ ਦਾ ਸ਼ੌਕ ਪਿਆ ਜਿਸ ਸਦਕਾ ਉਨ੍ਹਾਂ ਨੇ ਮਾਸਕੋ ਤੋਂ ਲੈ ਕੇ ਸਾਈਬੇਰੀਆ ਤੱਕ ਅਤੇ ਸਾਰਾ ਯੌਪਰ ਘੁੰਮਿਆ ਹੈ ਅਤੇ ਕੈਨੇਡਾ ਆ ਕੇ ਇਸ ਸੋਚ ਨਾ.ਲ ਛੋਟੇ ਬੱਚਿਆ ਨਾ.ਲ ਬੱਸਾਂ ਰਾਹੀਂ ਸਾਰਾ ਕੈਨੇਡਾ ਘੁੰਮਿਆ ਕਿ "ਭਾਰਤ ਛੱਡ ਕੇ ਜਿਸ ਦੇਸ ਨੂੰ ਅਪਣਾਇਆ ਹੈ, ਉਸਨੂੰ ਵੇਖ ਤਾਂ ਲਵਾਂ।" ਉਨ੍ਹਾਂ ਕਿਹਾ ਕਿ ਕਾਫ਼ਲੇ ਨਾ.ਲ ਜੁੜਨ ਨਾ.ਲ ਇੱਕ ਉਤਸ਼ਾਹਪੂਰਵਕ ਰਿਸ਼ਤਾ ਬਣਿਆ ਜਿਸ ਨੇ ਲਿਖਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ "ਬੇਸ਼ੱਕ ਦੋ ਵਾਰ ਮੇਰਾ ਚੂ.ਲਾ ਟੁੱਟ ਜਾਣ ਕਾਰਨ ਮੈਂ ਆਰਜ਼ੀ ਤੌਰ 'ਤੇ ਵੀਲ੍ਹ ਚੇਅਰ ਵਿੱਚ ਹਾਂ, ਮੈਂ ਜਲਦੀ ਹੀ ਠੀਕ ਹੋ ਜਾਵਾਂਗੀ ਤੇ ਇਸ ਵੀਲ੍ਹਚੇਅਰ ਤੋਂ ਮੁਕਤ ਹੋ ਜਾਵਾਂਗੀ।" ਬਲਰਜ ਚੀਮਾ ਜੀ ਨੇ ਮਿੰਨੀ ਜੀ ਬਾਰੇ ਬੋਲਦਿਆਂ ਕਿਹਾ ਕਿ "ਇਨ੍ਹਾਂ ਦਾ ਨਾਂ ਮਿੰਨੀ ਨਹੀਂ ਸਗੋਂ 'ਨਿਮ-ਰਤਾ' ਚਾਹੀਦਾ ਸੀ ਕਿਉਂਕਿ ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਹੀ ਇਨ੍ਹਾਂ ਦੋ ਹਰਫਾਂ ਵਿਚਕਾਰ ਨਿਭਾਈ ਹੈ।" ਪ੍ਰਿੰ. ਸਰਵਣ ਸਿੰਘ ਨੇ ਮਿੰਨੀ ਗਰੇਵਾ.ਲ ਜੀ ਦੇ ਦਿੱਲੀ ਵਿੱਚ ਬਿਤਾਏ ਸਮੇਂ ਦੀ ਯਾਦ ਸਾਂਝੀ ਕਰਦਿਆਂ "ਸੋਵੀਅਤ ਦੂਤਾਵਾਸ" ਨਾ.ਲ ਸਬੰਧਿਤ ਯਾਦਾਂ ਤਾਜ਼ਾ ਕੀਤੀਆਂ ਜਿੱਥੇ ਮਿੰਨੀ ਜੀ ਨੇ 'ਸੋਵੀਅਤ ਲੈਂਡ' ਵਿੱਚ ਕੰਮ ਕੀਤਾ ਸੀ।

ਮਨਮੋਹਨ ਗੁਲਾਟੀ ਜੀ ਨੇ ਬ੍ਰਜਿੰਦਰ ਗੁਲਾਟੀ ਜੀ ਵੱਲੋਂ ਪੰਜਾਬੀ ਕਹਾਣੀਆਂ ਦਾ ਅਨੁਵਾਦਤ ਸੰਗ੍ਰਹਿ 'ਫੁੱਟ-ਪ੍ਰਿੰਟਸ' ਮਿੰਨੀ ਜੀ ਨੂੰ ਭੇਟ ਕੀਤਾ ਜਿਸ ਵਿੱਚ ਮਿੰਨੀ ਜੀ ਦੀ ਕਹਾਣੀ ਵੀ ਸ਼ਾਮਲ ਹੈ।

ਵੈਨਕੂਵਰ ਤੋਂ ਆਏ ਸੁਖਵੰਤ ਹੁੰਦਲ ਜੀ ਨੇ ਸੰਖੇਪ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਸੋਸ਼ਲ ਮੀਡੀਆ ਦੇ ਯੁਗ ਵਿੱਚ ਸਾਨੂੰ ਟੈਕਨੌਲੋਜੀ ਦਾ ਫਾਇਦਾ ਉਠਾਉਣ ਲਈ ਹਰ ਉਪਲਬਧ ਕਿਤਾਬ ਨੂੰ ਡਿਜੀਟਲਾਈਜ਼ ਕਰਕੇ ਇੰਟਰਨੈਟ 'ਤੇ ਪਾਉਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਵਿੱਚ ਛਪਣ ਵਾ.ਲੀ ਹਰ ਕਿਤਾਬ ਨੂੰ ਹਮੇਸ਼ਾਂ ਲਈ ਸੰਭਾ.ਲਿਆ ਜਾ ਸਕੇ ਜਿਸ ਨਾ.ਲ ਭਵਿੱਖ ਵਿੱਚ ਕਿਸੇ ਵੀ ਖੋਜਾਰਥੀ ਲਈ ਸੌਖ ਹੋ ਜਾਵੇਗੀ ਅਤੇ ਲਿਖਤ ਦੀ ਹਰ ਪਾਠਕ ਤੱਕ ਪਹੁੰਚ ਵੀ ਹੋ ਜਾਵੇਗੀ।









# ਹੈਲਥ ਕੈਨੇਡਾ ਵੱਲੋਂ ਅਣਅਧਿਕਾਰਤ ਦਵਾਈਆਂ ਦੀ ਖ਼ਰੀਦ ਜਾਂ ਵਰਤੋਂ ਸਬੰਧੀ ਐਡਵਾਇਜ਼ਰੀ ਜਾਰੀ

**-ਸਰੀਰ ਨੂੰ ਗੰਭੀਰ ਜੋਖ਼ਮਾਂ ਦਾ ਦੱਸਿਆ ਖ਼ਤਰਾ**

ਓਟਵਾ, 5 ਅਗਸਤ (ਪੋਸਟ ਬਿਊਰੋ): ਹੈਲਥ ਕੈਨੇਡਾ ਨੇ ਖਪਤਕਾਰਾਂ ਨੂੰ ਆਨਲਾਈਨ ਵੇਚੇ ਜਾਣ ਵਾਲੇ ਅਣਅਧਿਕਾਰਤ ਫਿਟਨੈੱਸ ਉਤਪਾਦਾਂ ਨਾਲ ਜੁੜੇ ਗੰਭੀਰ ਸਿਹਤ ਜੋਖਮਾਂ ਬਾਰੇ ਚੇਤਾਵਨੀ ਦਿੱਤੀ ਹੈ। ਸ਼ੁੱਕਰਵਾਰ ਨੂੰ ਪ੍ਰਕਾਸ਼ਿਤ ਇੱਕ ਐਡਵਾਇਜ਼ਰੀ ਵਿੱਚ ਵਿਭਾਗ ਨੇ ਅਣਅਧਿਕਾਰਤ ਟੀਕੇਯੋਗ ਪੇਪਟਾਇਡ ਦਵਾਈਆਂ ਨੂੰ ਜ਼ਬਤ ਕਰਨ ਦਾ ਐਲਾਨ ਕੀਤਾ, ਜੋ ਅਕਸਰ ਬਾਡੀ ਬਿਲਡਿੰਗ, ਐਂਟੀ-ਏਜਿੰਗ, ਜਾਂ ਐਥਲੈਟਿਕ ਪ੍ਰਦਰਸ਼ਨ ਨੂੰ ਵਧਾਉਣ ਲਈ ਵਰਤੀਆਂ ਜਾਂਦੀਆਂ ਹਨ। ਪ੍ਰਭਾਵਿਤ ਉਤਪਾਦ ਵੈੱਬਸਾਈਟ ਕੈਨੇਡਾ ਪੇਪਟਾਇਡ 'ਤੇ ਵੇਚੇ ਗਏ ਸਨ। ਐਤਵਾਰ ਦੁਪਹਿਰ ਤੱਕ, ਵੈੱਬਸਾਈਟ ਰੱਖ-ਰਖਾਅ ਲਈ ਬੰਦ ਸੀ।

ਹੈਲਥ ਕੈਨੇਡਾ ਅਨੁਸਾਰ ਹਾਲਾਂਕਿ ਇੰਜੈਕਟੇਬਲ ਪੇਪਟਾਇਡਾਂ ਨੂੰ ਨੁਸਖ਼ੇ ਵਾਲੀਆਂ ਦਵਾਈਆਂ ਵਜੋਂ ਕੰਟ੍ਰੋਲ ਕੀਤਾ ਜਾਂਦਾ ਹੈ, ਵਿਭਾਗ ਨੇ ਕੰਪਨੀ ਦੀ ਵੈੱਬਸਾਈਟ 'ਤੇ ਜ਼ਬਤ ਕੀਤੇ ਜਾਂ ਵੇਚੇ ਗਏ ਕਿਸੇ ਵੀ ਉਤਪਾਦ ਨੂੰ ਅਧਿਕਾਰਤ ਨਹੀਂ ਕੀਤਾ ਹੈ। ਚੇਤਾਵਨੀ 'ਚ ਕਿਹਾ ਗਿਆ ਹੈ ਕਿ



ਅਣਅਧਿਕਾਰਤ ਟੀਕੇਯੋਗ ਪੇਪਟਾਇਡ ਦਵਾਈਆਂ ਦੀ ਵਰਤੋਂ ਨਾਲ ਲਾਗ, ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਹੋ ਸਕਦੀਆਂ ਹਨ ਅਤੇ ਹੋਰ ਦਵਾਈਆਂ ਨਾਲ ਇਸ ਦਾ ਪਰਸਪਰ ਪ੍ਰਭਾਵ ਪੈ ਸਕਦਾ ਹੈ। ਇਨ੍ਹਾਂ ਉਤਪਾਦਾਂ ਦੀ ਵਰਤੋਂ ਕੁਝ ਸਮੱਗਰੀਆਂ, ਐਡਿਟਿਵ, ਜਾਂ ਦੂਸ਼ਿਤ ਤੱਤਾਂ ਦੇ ਕਾਰਨ ਹੋਰ ਜੋਖਮ ਵੀ ਲੈ ਸਕਦੀ ਹੈ, ਜੋ ਲੇਬਲ 'ਤੇ ਸੂਚੀਬੱਧ ਹੋ ਸਕਦੀਆਂ ਹਨ ਜਾਂ ਨਹੀਂ ਵੀ ਹੋ ਸਕਦੀਆਂ ਅਤੇ ਸੁਰੱਖਿਅਤ ਢੰਗ ਨਾਲ ਤਿਆਰ ਜਾਂ ਸਟੋਰ ਨਹੀਂ ਕੀਤੀਆਂ ਜਾ ਸਕਦੀਆਂ ਹਨ।

ਐਡਵਾਇਜ਼ਰੀ ਵਿਚ ਉਨ੍ਹਾਂ ਵਿਅਕਤੀਆਂ ਨੂੰ ਚੇਤਾਵਨੀ ਦਿੱਤੀ ਗਈ ਹੈ, ਜਿਨ੍ਹਾਂ ਨੇ ਅਣਅਧਿਕਾਰਤ ਟੀਕੇਯੋਗ ਦਵਾਈ ਦੀ ਵਰਤੋਂ ਕੀਤੀ ਹੈ ਅਤੇ ਸਿਹਤ-ਸੰਭਾਲ ਪੇਸ਼ੇਵਰ ਨਾਲ ਸਲਾਹ ਕਰਨ ਲਈ ਕਿਹਾ ਗਿਆ ਹੈ। ਵਿਅਕਤੀਆਂ ਨੂੰ ਮਿਊਂਸਪਲ ਜਾਂ ਖੇਤਰੀ ਦਿਸ਼ਾ-ਨਿਰਦੇਸ਼ਾਂ ਦੁਆਰਾ ਰਸਾਇਣਾਂ ਅਤੇ ਹੋਰ ਖਤਰਨਾਕ ਰਹਿੰਦ-ਖੂੰਹਦ ਦਾ ਨਿਪਟਾਰਾ ਕਰਨ ਜਾਂ ਉਤਪਾਦ ਨੂੰ ਸਹੀ ਨਿਪਟਾਰੇ ਲਈ ਆਪਣੀ ਸਥਾਨਕ ਫਾਰਮੇਸੀ ਵਿੱਚ ਵਾਪਸ ਕਰਨ ਦਾ ਨਿਰਦੇਸ਼ ਵੀ ਦਿੱਤਾ ਗਿਆ ਹੈ।

ਚਿਤਾਵਨੀ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਖਪਤਕਾਰ ਅੱਠ-ਅੰਕਾਂ ਵਾਲੇ ਡਰੱਗ ਆਈਡੈਂਟੀਫਿਕੇਸ਼ਨ ਨੰਬਰ (ਡੀਆਈਐੱਨ), ਨੈਚੁਰਲ ਪ੍ਰੋਡਕਟ ਨੰਬਰ (ਐੱਨਪੀਐੱਨ) ਜਾਂ ਹੋਮਿਓਪੈਥਿਕ ਡਰੱਗ ਨੰਬਰ (ਡੀਆਈਐੱਨ-ਐੱਚਐੱਮ) ਦੀ ਪਛਾਣ ਕਰਕੇ ਹੈਲਥ ਕੈਨੇਡਾ ਵੱਲੋਂ ਵਿਕਰੀ ਲਈ ਅਧਿਕਾਰਤ ਕੀਤੇ ਗਏ ਉਤਪਾਦ ਲੇਬਲਾਂ ਦੀ ਜਾਂਚ ਕਰ ਸਕਦੇ ਹਨ। ਉਹ ਹੈਲਥ ਕੈਨੇਡਾ ਦੇ ਡਰੱਗ ਪ੍ਰੋਡਕਟ ਡੇਟਾਬੇਸ ਅਤੇ ਲਾਇਸੰਸਸ਼ੁਦਾ ਨੈਚੁਰਲ ਹੈਲਥ ਪ੍ਰੋਡਕਟ ਡੇਟਾਬੇਸ ਦੀ ਖੋਜ ਕਰਕੇ ਇਹ ਵੀ ਜਾਂਚ ਕਰ ਸਕਦੇ ਹਨ ਕਿ ਕੀ ਉਤਪਾਦਾਂ ਨੂੰ ਵਿਕਰੀ ਲਈ ਅਧਿਕਾਰਤ ਕੀਤਾ ਗਿਆ ਹੈ ਜਾਂ ਨਹੀਂ।

# ਸੰਤ ਸੀਚੇਵਾਲ ਨੇ ਸੰਸਦ ਨਾ ਚੱਲਣ 'ਤੇ ਰਾਜ ਸਭਾ ਦੇ ਵਾਈਸ ਚੇਅਰਮੈਨ ਤੇ ਕੇਂਦਰੀ ਸੰਸਦੀ ਮੰਤਰੀ ਨੂੰ ਲਿਖੇ ਪੱਤਰ

*** ਪਾਰਲੀਮੈਂਟ ਵਿੱਚ ਹੰਗਾਮਿਆਂ ਕਾਰਣ ਲੋਕਾਂ ਦੇ ਟੈਕਸਾਂ ਦੇ ਕਰੋੜਾਂ ਰੁਪਏ ਦੀ ਹੋ ਰਹੀ ਹੈ ਬਰਬਾਦੀ * ਢਾਈ ਲੱਖ ਰੁਪਏ ਹਰ ਮਿੰਟ ਦੇ ਹੁੰਦੇ ਹਨ ਖ਼ਰਚ**

ਨਵੀਂ ਦਿੱਲੀ/ਚੰਡੀਗੜ੍ਹ, 5 ਅਗਸਤ (ਪੋਸਟ ਬਿਊਰੋ): ਰਾਜ ਸਭਾ ਮੈਂਬਰ ਤੇ ਉਘੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਾਰਲੀਮੈਂਟ ਨਾ ਚੱਲਣ ਨੂੰ ਲੈਕੇ ਰਾਜ ਸਭਾ ਦੇ ਉਪ ਚੇਅਰਮੈਨ ਅਤੇ ਸੰਸਦੀ ਮਾਮਲਿਆਂ ਦੇ ਕੇਂਦਰੀ ਮੰਤਰੀ ਨੂੰ ਪੱਤਰ ਲਿਖਕੇ ਦੋਸ਼ ਲਾਇਆ ਹੈ ਕਿ ਲੋਕਾਂ ਵੱਲੋਂ ਦਿੱਤੇ ਜਾ ਰਹੇ ਟੈਕਸਾਂ ਦਾ ਕਰੋੜਾਂ ਰੁਪਏ ਖ਼ਰਚ ਹੋ ਰਹੇ ਹਨ ਪਰ ਪਾਰਲੀਮੈਂਟ ਵਿੱਚ ਕੰਮ ਧੇਲੇ ਦਾ ਵੀ ਨਹੀਂ ਹੋ ਰਿਹਾ। ਸੰਤ ਸੀਚੇਵਾਲ ਵੱਲੋਂ ਤਿੰਨ ਸਫ਼ਿਆ ਦੇ ਲਿਖੇ ਇਸ ਪੱਤਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਾਰਲੀਮੈਂਟ ਦੇ ਚੱਲ ਰਹੇ ਸ਼ੈਸ਼ਨ ਦੌਰਾਨ ਹਰ ਮਿੰਟ ਦਾ ਢਾਈ ਲੱਖ ਰੁਪਏ ਖਰਚ ਹੁੰਦੇ ਹਨ। ਇਸੇ ਤਰ੍ਹਾਂ ਇੱਕ ਦਿਨ ਦਾ ਔਸਤਨ 10 ਕਰੋੜ ਰੁਪਏ ਖਰਚ ਆਉਂਦਾ ਹੈ ਤੇ 12 ਦਿਨਾਂ ਵਿੱਚ ਲਗਭੱਗ 120 ਕਰੋੜ ਰੁਪਏ ਖਰਚੇ ਗਏ ਹਨ ਜਦ ਕਿ ਇੰਨ੍ਹਾਂ 12 ਦਿਨਾਂ ਵਿੱਚ ਸ਼ੈਸ਼ਨ ਸਹੀ ਢੰਗ ਨਾਲ ਨਹੀਂ ਚੱਲਿਆ।

ਉਨ੍ਹਾਂ ਰਾਜ ਸਭਾ ਦੇ ਵਾਈਸ ਚੇਅਰਮੈਨ ਤੇ ਕੇਂਦਰੀ ਸੰਸਦੀ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ



ਲੋਕਾਂ ਦੇ ਮੁੱਦਿਆਂ ਨੂੰ ਸਦਨ ਵਿੱਚ ਉਠਾਉਣਾ ਹੀ ਵਿਰੋਧੀ ਧਿਰ ਦਾ ਮੁੱਖ ਕੰਮ ਹੁੰਦਾ ਹੈ ਪਰ ਉਥੇ ਹਾਲਾਤ ਅਜਿਹੇ ਬਣਾ ਦਿੱਤੇ ਜਾਂਦੇ ਹਨ ਕਿ ਵਿਰੋਧੀ ਧਿਰ ਹੰਗਾਮੇ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ।

ਸੰਤ ਸੀਚੇਵਾਲ ਨੇ ਕਿਹਾ ਕਿ ਇੱਕ ਮੈਂਬਰ ਪਾਰਲੀਮੈਂਟ ਦੇ ਕੋਲ ਸਿਫ਼ਰ ਕਾਲ, ਪ੍ਰਸ਼ਨ ਕਾਲ ਅਤੇ ਸਪਸ਼ੈਲ ਮੈਨਸ਼ਨ ਜਰੀਏ ਹੁੰਦੇ ਹਨ ਜਿਸ ਰਾਹੀ ਲੋਕਾਂ ਦੇ ਮੁੱਦਿਆ ਨੂੰ ਉਠਾਉਣ ਦਾ ਮੌਕਾ ਮਿਲਦਾ ਹੈ ਪਰ ਜੇ ਸੰਸਦ ਹੀ ਨਾ ਚੱਲੇ ਤਾਂ ਇੱਕ ਮੈਂਬਰ ਪਾਰਲੀਮੈਂਟ ਦੇ ਇਹ ਸਾਰੇ ਹੱਕ ਖੋਹੇ ਜਾਂਦੇ ਹਨ। ਪਾਰਲੀਮੈਂਟ ਵਿੱਚ ਹੰਗਾਮੇ ਕਰਕੇ ਕਿਸੇ ਦੀ ਜਿੱਤ ਨਹੀਂ ਹੁੰਦੀ ਸਗੋਂ ਦੇਸ਼ ਦੇ ਆਮ ਲੋਕਾਂ ਦੀ ਹਾਰ ਹੁੰਦੀ ਹੈ, ਜਿੰਨ੍ਹਾਂ ਨੇ ਮੈਂਬਰਾਂ ਨੂੰ ਚੁਣ ਕੇ ਇਸ ਸਦਨ ਵਿੱਚ ਭੇਜਿਆ ਹੁੰਦਾ ਹੈ ਕਿ ਇੱਕ ਦਿਨ ਉਨ੍ਹਾਂ ਦੀ ਅਵਾਜ਼ ਵੀ ਪਾਰਲੀਮੈਂਟ ਦੀ ਆਵਾਜ਼ ਬਣੇਗੀ।

ਉਨ੍ਹਾਂ ਕਿਹਾ ਕਿ ਦੇਸ਼ ਨੂੰ ਅਜ਼ਾਦ ਹੋਇਆ 75 ਸਾਲ ਤੋਂ ਵੱਧ ਦਾ ਸਮਾਂ ਬੀਤ ਗਿਆ ਹੈ ਪਰ ਅਜੇ ਤੱਕ ਦੇਸ਼ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਨਹੀਂ ਦੇ ਸਕੇ। ਸ਼ੁੱਧ ਹਵਾ ਨਹੀਂ ਦੇ ਸਕੇ ਤੇ ਨਾ ਹੀ ਸ਼ੁੱਧ ਖੁਰਾਕ ਦੇ ਸਕੇ, ਜਦ ਕਿ ਮਨੁੱਖ ਦੇ ਜਿਉਣ ਦਾ ਇਹ ਸੰਵਿਧਾਨਕ ਹੱਕ ਹੈ। ਬੇਰੁਜ਼ਗਾਰੀ ਕਾਰਣ ਦੇਸ਼ ਦੀ ਨੌਜਵਾਨੀ ਜਾਂ ਤਾਂ ਨਸ਼ੇ ਦੇ ਦਲਦਲ ਵਿੱਚ ਫਸਦੀ ਜਾ ਰਹੀ ਹੈ ਜਾਂ ਵਿਦੇਸ਼ਾਂ ਦਾ ਰੁਖ ਕਰ ਰਹੀ ਹੈ।

ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ਾਂ ਵਿੱਚ ਗਏ ਭਾਰਤੀ ਕਿਵੇਂ ਰੁਲ ਰਹੇ ਹਨ। ਇਸ ਦੀ ਵੀ ਕਦੇਂ ਸਦਨ ਨੇ ਫਿਕਰਮੰਦੀ ਜ਼ਾਹਿਰ ਨਹੀਂ ਕੀਤੀ। ਇਸੇ ਤਰ੍ਹਾਂ ਅਮਰੀਕਾ ਦੇ ਨਵੇਂ ਬਣੇ ਸਦਰ ਨੇ ਭਾਰਤੀਆਂ ਨੂੰ ਕਿਵੇਂ ਹੱਥਕੜੀਆਂ ਲਗਾ ਕਿ ਕੈਦੀਆਂ ਵਾਂਗ ਡਿਪੋਰਟ ਕੀਤਾ ਸੀ। ਰੂਸੀ ਆਰਮੀ ਵਿੱਚ ਹਲੇ 13 ਪਰਿਵਾਰਾਂ ਦੇ ਬੱਚੇ ਲਾਪਤਾ ਹਨ ਜਿਹਨਾਂ ਦੀ ਉਡੀਕ ਵਿੱਚ ਅੱਜ ਵੀ ਪਰਿਵਾਰ ਬੈਠਾ ਹੈ ਆਦਿ ਵਰਗਿਆਂ ਮੁੱਦਿਆਂ ਤੇ ਚਰਚਾ ਨਹੀਂ ਹੋ ਸਕੀ।

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com

